ਨਿਊਜ਼ ਰਿਲੀਜ਼

# ਇੰਸ਼ੋਰੈਂਸ ਬਾਰੇ ਕਾਰਵਾਈ ਕਰਨਾਂ

26 ਜਨਵਰੀ 2023

## ਐਲਬਰਟਾ ਸਰਕਾਰ ਪ੍ਰਾਈਵੇਟ ਯਾਤਰੂ ਗੱਡੀਆਂ ਦੀਆਂ ਇੰਸ਼ੋਰੈਂਸ ਦਰਾਂ 'ਚ ਵਾਧੇ ਨੂੰ 2023 ਦੇ ਅੰਤ ਤੱਕ ਰੋਕ ਰਹੀ ਹੈ।

ਬਹੁਤ ਸਾਰੇ ਐਲਬਰਟਾ ਨਿਵਾਸੀਆਂ ਨੇ ਮੌਜੂਦਾ ਮਹਿੰਗਾਈ ਦੇ ਸੰਕਟ ਦੀ ਰੌਸ਼ਨੀ 'ਚ ਨਿੱਜੀ ਗੱਡੀਆਂ ਲਈ ਆਟੋ ਇੰਸ਼ੋਰੈਂਸ ਦੀ ਪੁੱਜਤਯੋਗਤਾ ਸਬੰਧੀ ਆਪਣੇ ਵਧ ਰਹੇ ਫਿਕਰਾਂ ਦਾ ਪ੍ਰਗਟਾਵਾ ਕੀਤਾ ਹੈ। 2023 ਦੇ ਅੰਤ ਤੱਕ ਦਰਾਂ 'ਤੇ ਰੋਕ ਲਾਉਣ ਤੋਂ ਇਲਾਵਾ, ਐਲਬਰਟਾ ਸਰਕਾਰ ਆਟੋ ਇੰਸ਼ੋਰੈਂਸ ਦਰਾਂ ਨੂੰ ਸਥਿਰ ਅਤੇ ਨੀਵੀਆਂ ਰੱਖਣ ਲਈ ਲੰਮੀ ਅਤੇ ਛੋਟੀ ਮਿਆਦ ਦੇ ਉਪਾਅਵਾਂ ਨੂੰ ਵਿਕਸਤ ਕਰਨਾਂ ਜਾਰੀ ਰੱਖੇਗੀ।

ਜਦੋਂ ਕਿ ਇਸ ਸਾਲ ਦੇ ਬਾਕੀ ਰਹਿੰਦੇ ਸਮੇਂ ਤੱਕ ਦਰਾਂ 'ਚ ਕਿਸੇ ਵੀ ਨਵੇਂ ਵਾਧੇ ਨੂੰ ਮਨਜ਼ੂਰ ਨਹੀਂ ਕੀਤਾ ਜਾਵੇਗਾ, ਕੁਝ ਐਲਬਰਟਾ ਡਰਾਈਵਰ 2023 'ਚ ਆਪਣੇ ਇੰਸ਼ਰੈਂਸ ਨਵਿਆਉਣ ਸਮੇਂ ਫਿਰ ਵੀ ਦਰਾਂ 'ਚ ਕੁਝ ਵਾਧਾ ਹੋਇਆ ਵੇਖਣਗੇ। ਇਹ ਪਹਿਲਾਂ ਹੀ ਮਨਜ਼ੂਰ ਹੋਏ ਕੁਝ ਵਾਧਿਆਂ ਕਰਕੇ, ਕਸੂਰਵਾਰ ਹੋਣ ਦੇ ਕਲੇਮਾਂ ਅਤੇ ਟਿਕਟਾਂ ਸਮੇਤ ਡਰਾਈਵਿੰਗ ਰਿਕਾਰਡ 'ਚ ਹੋਈਆਂ ਤਬਦੀਲੀਆਂ ਜਾਂ ਇੰਸ਼ੋਰੈਂਸ ਪਾਲਿਸੀ 'ਚ ਤਬਦੀਲੀਆਂ, ਜਿਵੇਂ ਨਵਾਂ ਐਡਰੈੱਸ ਜਾਂ ਵੱਖਰੀ ਗੱਡੀ ਦਾ ਇੰਸ਼ਰੈਂਸ ਕਰਵਾਉਣ ਕਰਕੇ ਹੋ ਸਕਦਾ ਹੈ।

ਐਲਬਰਟਾ ਸਰਕਾਰ ਨੇ ਇਹ ਫਿਕਰ ਵੀ ਸੁਣੇ ਹਨ ਕਿ ਕੁਝ ਐਲਬਰਟਾ ਨਿਵਾਸੀਆਂ ਨੂੰ ਆਪਣੇ ਪੂਰੇ ਸਲਾਨਾਂ ਆਟੋ ਇੰਸ਼ਰੈਂਸ ਪ੍ਰੀਮੀਅਮ ਅਗਾਊਂ ਅਦਾ ਕਰ ਸਕਣ 'ਚ ਚੁਣੌਤੀਆਂ ਦਰਪੇਸ਼ ਹਨ। ਇਸ ਨਾਲ ਨਿਪਟਣ 'ਚ ਮਦਦ ਕਰਨ ਲਈ ਸਰਕਾਰ ਇੰਸ਼ੋਰੈਂਸ ਕੰਪਨੀਆਂ ਨੂੰ ਬਹੁਤੇ ਐਲਬਰਟਾ ਨਿਵਾਸੀਆਂ ਨੂੰ ਆਪਣੇ ਪ੍ਰੀਮੀਅਮ ਪੇਮੈਂਟ ਪਲੈਨਾਂ ਰਾਹੀਂ ਅਦਾ ਕਰ ਸਕਣ ਦੇ ਯੋਗ ਬਣਾਉਣ ਲਈ ਆਖ ਰਹੀ ਹੈ।

ਐਲਬਰਟਾ ਸਰਕਾਰ ਨੇ 2020 ਦੀ ਪੱਤਝੜ ਰੁੱਤ 'ਚ ਸੁਧਾਰਾਂ ਨੂੰ ਲਾਗੂ ਕੀਤਾ ਸੀ, ਜਿੰਨ੍ਹਾਂ ਨਾਲ ਦਰਾਂ ਨੂੰ ਹੋਰ ਅਗਾਂਹ ਸਥਿਰ ਕੀਤੇ ਜਾਣ ਦੀ ਆਸ ਹੈ। ਐਪਰ, ਅਜਿਹੇ ਕਾਰਨਾਂ, ਜਿਵੇਂ ਕਿ ਮਹਿੰਗਾਈ ਅਤੇ ਆਟੋ ਪਾਰਟਾਂ ਦੀ ਸਪਲਾਈ ਚੇਨ 'ਚ ਆਈਆਂ ਮੁਸ਼ਕਿਲਾਂ ਨੇ ਥੋੜੇ ਸਮੇਂ ਲਈ ਉਨ੍ਹਾਂ ਸੁਧਾਰਾਂ ਦੇ ਅਸਰਾਂ 'ਤੇ ਫਰਕ ਪਾਇਆ ਹੈ।

ਐਲਬਰਟਾ ਦੀ ਇੰਸ਼ੋਰੈਂਸ ਮਾਰਕੀਟ 'ਤੇ ਨੇੜਿਉਂ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਸਰਕਾਰ ਅਗਾਂਹ ਹੋਰ ਸੁਧਾਰਾਂ ਵਾਸਤੇ ਵਿਕਲਪਾਂ ਉੱਪਰ ਨਿਗਾਹ ਰੱਖਣੀ ਜਾਰੀ ਰੱਖੇਗੀ।

Classification: Public

## ਖਪਤਕਾਰਾਂ ਲਈ ਨੁਕਤੇ

- ਐਲਬਰਟਾ ਦੀ ਮੁਕਾਬਲੇ ਦੀ ਮਾਰਕੀਟਪਲੇਸ 'ਚ ਐਲਬਰਟਾ ਨਿਵਾਸੀ ਵੱਖ ਵੱਖ ਥਾਵਾਂ ਤੋਂ ਦਰਾਂ ਪਤਾ ਕਰਨ ਅਤੇ ਆਪਣੇ ਵਿਕਲਪ ਖੋਜਣ ਦੁਆਰਾ ਅਕਸਰ ਚੰਗੇਰੀਆਂ ਦਰਾਂ ਪ੍ਰਾਪਤ ਕਰ ਸਕਦੇ ਹਨ।
- ਐਲਬਰਟਾ ਨਿਵਾਸੀਆਂ ਨੂੰ ਆਪਣੀਆਂ ਇੰਸ਼ੋਰੈਂਸ ਕੰਪਨੀਆਂ ਜਾਂ ਬਰੋਕਰਾਂ ਨਾਲ ਵੱਧ ਤੋਂ ਵੱਧ ਚੰਗੀਆਂ ਦਰਾਂ ਪ੍ਰਾਪਤ ਕਰਨ ਲਈ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ।
- ਐਲਬਰਟਾ ਦੇ ਡਰਾਈਵਰ ਚੰਗੇ ਡਰਾਈਵਿੰਗ ਵਰਤਾਉ 'ਤੇ ਮਿਲਦੇ ਡਿਸਕਾਊਂਟਾਂ 'ਤੋਂ ਇਲਾਵਾ ਆਪਣੇ ਘਰਾਂ ਅਤੇ ਪ੍ਰਾਪਰਟੀਆਂ ਦੇ ਇੰਸ਼ੋਰੈਂਸਾਂ ਨੂੰ ਬੰਡਲ ਕਰ ਲੈਣ ਦੁਆਰਾ 20 ਪ੍ਰਤੀਸ਼ਤ ਤੱਕ ਵਧੇਰੇ ਡਿਸਕਾਊਂਟ ਪ੍ਰਾਪਤ ਕਰ ਸਕਦੇ ਹਨ।
- ਐਲਬਰਟਾ ਪਾਸ ਗਰਿੱਡ ਰੇਟਿੰਗ ਸਿਸਟਮ 'ਚ ਖਤਪਕਾਰ ਦੀ ਇਕ ਵਿਲੱਖਣ ਸੁਰੱਖਿਆ ਮੌਜੂਦ ਹੈ। ਇੰਸ਼ੋਰੈਂਸ ਪ੍ਰਦਾਨ ਕਰਨ ਵਾਲਿਆਂ ਨੂੰ ਜ਼ਰੂਰੀ ਤੌਰ 'ਤੇ ਗਰਿੱਡ ਪ੍ਰੀਮੀਅਮ ਅਤੇ ਆਪਣੇ ਖੁਦ ਦੇ ਪ੍ਰੀਮੀਅਮਾਂ ਨੂੰ ਵੇਖਣਾ ਚਾਹੀਦਾ ਹੈ ਅਤੇ ਮੁੱਢਲੀ ਆਟੋਮੋਬਾਇਲ ਕਵਰੇਜ ਵਾਸਤੇ ਘੱਟ ਦਰਾਂ ਚਾਰਜ ਕਰਨੀਆਂ ਚਾਹੀਦੀਆਂ ਹਨ।

## ਸਬੰਧਤ ਜਾਣਕਾਰੀ

- ਇੰਸ਼ੋਰੈਂਸ
- ਸੁਪਰਿੰਟੈਂਡੈਂਟ ਆਫ ਇੰਸ਼ੋਰੈਂਸ ਬੁਲੇਟਿਨਜ਼ ਐਂਡ ਨੋਟਿਸਜ਼
- ਐਲਬਰਟਾ ਆਟੋਮੋਬਾਇਲ ਇੰਸ਼ੋਰੈਂਸ ਰੇਟ ਬੋਰਡ
- ਆਟੋ ਇੰਸ਼ੋਰੈਂਸ ਗਰਿੱਡ ਰੇਟ ਕੈਲਕੂਲੇਟਰ
- ਅਫੋਰਡੇਬਿਲਿਟੀ ਐਕਸ਼ਨ ਪਲੈਨ